ਪੰਜਾਬ ਸਰਕਾਰ
ਸਿੱਖਿਆ ਵਿਭਾਗ

(Through Website)

ਵੱਲ,

1) ਸਮੂਹ ਮੰਡਲ ਸਿੱਖਿਆ ਅਫਸਰ(ਸੈਸਿ), ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿ), ਪੰਜਾਬ।
3) ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ;ਸਿ),ਪੰਜਾਬ।
4) ਸਮੂਹ ਪ੍ਰਿੰਸੀਪਲ ਅਤੇ ਸਕੂਲਾਂ ਦੇ ਮੁੱਖੀ, ਪੰਜਾਬ

ਮੀਮੋ ਨੰ; 11/62/17-5ਸਿੱ6/1038659/1-4
ਮਿਤੀ ਚੰਡੀਗੜ੍ਹ 07-8-2017

ਵਿਸ਼ਾ ; ਏ.ਸੀ.ਪੀ/ ਕੰਨਫਰਮੇਸ਼ਨ/ਪਰਖ ਕਾਲ ਸਮਾਂ ਅਤੇ ਸਲਾਨਾ ਤਰੱਕੀ ਦੇਣ ਸਮੇਂ (IR) ਸਬੰਧੀ ਸਪੱਸ਼ਟੀਕਰਨ।

ਉਪਰੋਕਤ ਵਿਸ਼ੇ ਸਬੰਧੀ ਸਿੱਖਿਆ ਵਿਭਾਗ ਦੇ ਕਰਮਚਾਰੀਆਂ/ ਅਧਿਕਾਰੀਆਂ ਵੱਲੋਂ ਸਪੱਸ਼ਟੀਕਰਨ ਮੰਗੇ ਜਾ ਰਹੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ: | ਸਵਾਲ | ਸਪੱਸ਼ਟੀਕਰਨ |
|---|---|---|
| 1 | ਲੈਕਚਰਾਰ ਜਿਨ੍ਹਾਂ ਨੇ ਬਤੌਰ ਡੀ.ਡੀ.ਓ ਕੰਮ ਕੀਤਾ ਹੈ ਅਤੇ ਬਤੌਰ ਡੀ.ਡੀ.ਓ (ਪ੍ਰਿੰਸੀਪਲ) ਤਨਖਾਹ ਦਾ ਏਰੀਅਰ ਵੀ ਲਿਆ ਹੈ ਨੂੰ ਉਨ੍ਹਾਂ ਵੱਲੋਂ ਬਤੌਰ ਡੀ.ਡੀ.ਓ ਕੀਤੇ ਕੰਮ ਦਾ ਸਮਾਂ ਬਤੌਰ ਲੈਕਚਰਾਰ ਏ.ਸੀ.ਪੀ. ਦਾ ਲਾਭ ਦੇਣ ਲਈ ਗਿਣਿਆ ਜਾਣਾ ਹੈ ਜਾਂ ਨਹੀ ? | ਜਿਨ੍ਹਾਂ ਲੈਕਚਰਾਰਾਂ ਨੇ ਬਤੌਰ ਡੀ.ਡੀ.ਓ ਕੰਮ ਕੀਤਾ ਹੈ ਅਤੇ ਡੀ.ਡੀ.ਓ ਕੰਮ ਕਰਨ ਦੇ ਸਮੇਂ ਲਈ ਇੱਕ ਇੰਨਕਰੀਮੈਂਟ ਦਾ ਲਾਭ ਪ੍ਰਾਪਤ ਕੀਤਾ ਹੈ, ਉਨ੍ਹਾਂ ਲੈਕਚਰਾਰਾਂ ਨੇ ਜਿੰਨੇ ਸਮੇਂ ਦੌਰਾਨ ਡੀ.ਡੀ.ਓ ਆਫੀਸ਼ਿਏਟ ਕਰਨ ਲਈ ਇੱਕ ਇੰਨਕਰੀਮੈਂਟ ਦਾ ਲਾਭ ਪ੍ਰਾਪਤ ਕੀਤਾ ਹੈ, ਉਹ ਸਮਾਂ ਏ.ਸੀ.ਪੀ ਦੇ ਲਾਭ ਲਈ ਨਹੀਂ ਗਿਣਿਆ ਜਾਣਾ ਹੈ ਕਿਉਂਕਿ ਏ.ਸੀ.ਪੀ ਸਕੀਮ ਤਹਿਤ ਇੱਕ ਇੰਨਕਰੀਮੈਂਟ ਦਾ ਲਾਭ ਹੀ ਦਿੱਤਾ ਜਾਣਾ ਹੈ ਜੋ ਕਿ ਕਰਮਚਾਰੀ ਵੱਲੋਂ ਪਹਿਲਾਂ ਹੀ ਪ੍ਰਾਪਤ ਕੀਤਾ ਜਾ ਚੁੱਕਾ ਹੈ। |
| 2 | ਜਿਹੜੇ ਕਰਮਚਾਰੀਆਂ ਦੀ ਨੋਸ਼ਨਲ ਤਨਖਾਹ ਫਿਕਸ ਕੀਤੀ ਜਾਂਦੀ ਹੈ, ਕੀ ਉਨ੍ਹਾਂ ਕਰਮਚਾਰੀਆਂ ਨੂੰ 4/9/14 ਸਾਲਾਂ ਏ.ਸੀ.ਪੀ ਦਾ ਲਾਭ ਨੋਸ਼ਨਲ ਤਨਖਾਹ ਫਿਕਸ਼ੇਸ਼ਨ ਦੀ ਮਿਤੀ ਤੋਂ ਦਿੱਤਾ ਜਾਣਾ ਹੈ ? | ਜੇਕਰ ਕਰਮਚਾਰੀ/ਅਧਿਕਾਰੀ ਦੀ ਤਨਖਾਹ ਨੋਸ਼ਨਲ ਤੌਰ ਤੇ ਫਿਕਸ ਕੀਤੀ ਜਾਂਦੀ ਹੈ, ਭਾਵ ਜੇਕਰ ਕਰਮਚਾਰੀ ਸਾਲ 2008 ਵਿੱਚ ਭਰਤੀ ਹੁੰਦਾ ਹੈ, ਪ੍ਰੰਤੂ ਉਸਦੀ ਤਨਖਾਹ ਨੋਸ਼ਨਲ ਤੌਰ ਤੇ 2006 ਤੋਂ ਫਿਕਸ ਕੀਤੀ ਜਾਂਦੀ ਹੈ ਅਤੇ ਉਸਨੂੰ 2006 ਤੋਂ ਹੀ ਸੀਨੀਆਰਤਾ ਦਾ ਲਾਭ ਵੀ ਮਿਲਦਾ ਹੈ, ਤਾਂ ਸਰਕਾਰ ਦੀਆਂ ਹਦਾਇਤਾਂ ਨੰ:7/89/91-5ਪੀ.ਪੀ.1/18626, ਮਿਤੀ 20-10-1992 ਅਨੁਸਾਰ ਉਸਨੂੰ ਏ.ਸੀ.ਪੀ. ਦਾ ਲਾਭ ਨੋਸ਼ਨਲ |

| | | |
|---|---|---|
| | | ਤਨਖਾਹ ਫਿਕਸੇਸਨ **ਦੀ** ਮਿਤੀ ਤੋਂ ਹੀ ਦਿੱਤਾ ਜਾਣਾ ਹੈ। |
| 3 | ਸਲਾਨਾ ਤਰੱਕੀ ਦੇਣ ਸਮੇਂ ਅੰਤ੍ਰਿਮ ਰਾਹਤ ( I.R) ਸ਼ਾਮਿਲ ਕੀਤਾ ਜਾਣਾ ਹੈ ਜਾਂ ਨਹੀ ? | ਸਾਲਾਨਾ ਤਰੱਕੀ ਕੇਵਲ ਬੇਸਿਕ+ਗ੍ਰੇਡ-ਪੇ ਤੇ 3% ਕੈਲਕੂਲੇਟ ਕੀਤੀ ਜਾਣੀ ਹੈ, ਭਾਵ ਅੰਤ੍ਰਿਮ ਰਲੀਫ (I.R) ਸਲਾਨਾ ਤਰੱਕੀ ਕੈਲਕੂਲੇਟ ਕਰਨ ਸਮੇਂ ਸ਼ਾਮਿਲ ਨਹੀਂ ਕੀਤਾ ਜਾਣਾ ਹੈ। |
| 4 | ਸੀਨੀਅਰ/ਜੂਨੀਅਰ ਦੇ ਕੇਸਾਂ ਵਿੱਚ ਏ.ਸੀ.ਪੀ. ਦਾ ਲਾਭ ਜੂਨੀਅਰ ਦੀ ਏ.ਸੀ.ਪੀ ਦੀ ਮਿਤੀ ਤੋਂ ਦੇਣਾ ਹੈ ਜਾਂ ਸੀਨੀਅਰ ਦੀ ਨਿਯੁਕਤੀ ਦੀ ਮਿਤੀ ਤੋਂ ਦੇਣਾ ਹੈ ? | ਇਸ ਸਬੰਧ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਕੇਸਾਂ ਵਿੱਚ ਸੀਨੀਅਰ/ਜੂਨੀਅਰ ਸਟੈਪ-ਅਪ ਦਾ ਲਾਭ ਦਿੱਤਾ ਜਾਂਦਾ ਹੈ, ਉਨ੍ਹਾਂ ਕੇਸਾਂ ਵਿੱਚ ਸੀਨੀਅਰ ਕਰਮਚਾਰੀ ਨੂੰ ਏ.ਸੀ.ਪੀ ਦਾ ਲਾਭ ਉਸਦੀ ਨਿਯੁਕਤੀ ਦੀ ਮਿਤੀ ਤੋਂ ਸੇਵਾ ਗਿਣ ਕੇ ਦਿੱਤਾ ਜਾਣਾ ਹੈ। |

ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ